4

# ਆਪਣੇ ਆਪ ਤੋਂ ਉਹਦਾ ਜਾਣੂ ਹੋਣਾ ਧਰਤੀ 'ਤੇ ਪੁੱਤਰ ਦੇ ਖ਼ੁਦਾ ਹੋਣ ਦੀ ਝਲਕ ਦਿੰਦਾ ਹੈ

ਯਿਸੂ ਦਾ ਖ਼ੁਦਾ ਹੋਣ ਦਾ ਇਕ ਸਬੂਤ ਉਹਦਾ ਇਲਾਹੀ ਗਿਆਨ ਹੈ। ਭਾਵੇਂ ਸਾਨੂੰ ਯਿਸੂ ਦੀ ਜ਼ਿੰਦਗੀ ਦੀ ਬਹੁਤ ਘੱਟ ਜਾਣਕਾਰੀ ਹੈ ਪਰ ਇੰਜੀਲ ਦੇ ਵਿਰਤਾਂਤਾਂ ਵਿਚ ਦਿੱਤੀਆਂ ਗਈਆਂ ਜਾਣਕਾਰੀਆਂ ਤੋਂ ਪਤਾ ਲਗਦਾ ਹੈ ਕਿ ਉਹ ਆਪਣੇ ਖ਼ੁਦਾ ਹੋਣ ਤੋਂ ਜਾਣੂ ਸੀ। ਉਹਨੇ ਆਪਣੇ ਖੁਦਾਈ ਸਰਬਗਿਆਨ ਅਤੇ ਸਰਬਵਿਆਪਕਤਾ ਨੂੰ ਆਪਣੀ ਸੇਵਕਾਈ ਵਿਚ ਹਥਿਆਰ ਦੇ ਤੌਰ ਤੇ ਵਰਤਿਆ ਸੀ। ਛੁਡਾਉਣ ਵਾਲੇ ਦੇ ਰੂਪ ਵਿਚ ਆਪਣੀ ਭੂਮਿਕਾ ਨਿਭਾਉਂਦਿਆਂ ਉਸ ਨੂੰ ਪਤਾ ਸੀ ਕਿ ਕੀ ਹੋਣ ਵਾਲਾ ਹੈ ਜਿਸ ਵਿਚ ਵਰਤਮਾਨ ਅਤੇ ਭਵਿੱਖ ਦੋਹਾਂ ਵਿਚ ਲੋਕਾਂ ਦੇ ਵਿਚਾਰ ਅਤੇ ਕੰਮ ਵੀ ਸ਼ਾਮਿਲ ਸਨ।

## ਪਿਤਾ ਨਾਲ ਆਪਣੇ ਸਬੰਧ ਦਾ ਉਹਦਾ ਗਿਆਨ

ਲੜਕਪਨ ਭਾਵ *ਬਾਰ ਮਿਤਜ਼ਵਾ* ਦੀ ਉਮਰ[1] ਤੋਂ ਹੀ ਯਿਸੂ ਆਪਣੇ ਪਿਤਾ ਦੀਆਂ ਯੋਜਨਾਵਾਂ ਵਿਚ ਆਪਣੀ ਭੂਮਿਕਾ ਬਾਰੇ ਸੁਚੇਤ ਸੀ। ਯੂਸਫ਼ ਅਤੇ ਮਰੀਅਮ ਨੂੰ ਹੈਕਲ ਵਿਚ ਮਿਲ ਜਾਣ ਵੇਲੇ ਉਨ੍ਹਾਂ ਵਿਚ ਇਹ ਗੱਲਬਾਤ ਹੋਈ:

> ... ਹੇ ਪੁੱਤਰ ਤੂੰ ਸਾਡੇ ਨਾਲ ਇਵੇਂ ਕਿਉਂ ਕੀਤਾ? ਵੇਖ ਤੇਰਾ ਪਿਤਾ ਅਤੇ ਮੈਂ ਕਿਸ ਤਰ੍ਹਾਂ ਕਲਪਦੇ ਤੈਨੂੰ ਲੱਭਦੇ ਰਹੇ। ਉਹਨੇ ਉਨ੍ਹਾਂ ਨੂੰ ਕਿਹਾ ਕਾਹਨੂੰ ਤੁਸੀਂ ਮੈਨੂੰ ਲੱਭਦੇ ਸੀ? ਭਲਾ ਤੁਸੀਂ ਨਹੀਂ ਜਾਣਦੇ ਸੀ ਕਿ ਮੈਨੂੰ ਚਾਹੀਦਾ ਹੈ ਜੋ ਆਪਣੇ ਪਿਤਾ ਦੇ ਕੰਮ ਵਿਚ ਲੱਗੇ ਰਹਾਂ? (ਲੂਕਾ 2:48-50)।

ਯਿਸੂ ਯੂਸਫ ਨੂੰ ਆਪਣਾ ਪਿਤਾ ਨਹੀਂ ਕਹਿ ਰਿਹਾ ਸੀ। ਉਹ ਮਰੀਅਮ ਦੀ ਗੱਲ ਕਿ ''ਤੇਰਾ ਪਿਤਾ'' ਵਿਚ ''ਆਪਣੇ ਪਿਤਾ'' ਨਾਲੋਂ ਫ਼ਰਕ ਕਰ ਰਿਹਾ ਸੀ। ਅਜਿਹਾ ਕੋਈ ਸਬੂਤ ਨਹੀਂ ਹੈ ਕਿ ਯਿਸੂ ਆਪਣੇ ਪਿਤਾ ਨਾਲ ਆਪਣੇ ਇਲਾਹੀ ਸਬੰਧ ਤੋਂ ਨਾਵਾਕਫ਼ ਹੋਵੇ। ਇਹਦੇ ਬਿਲਕੁਲ ਉਲਟ ਸਬੂਤ ਹੈ।

ਯਿਸੂ ਦੀ ਖ਼ੁਦਾਈ ਦੀ ਰੌਸ਼ਨੀ ਵਿਚ ਪਿਤਾ/ਪੁੱਤਰ ਦੇ ਇਸ ਸਬੰਧ ਤੋਂ ਕੀ ਭਾਵ ਹੈ? ਇਕ ਹੋਰ ਥਾਂ ਉਹਨੇ ਕਿਹਾ ਸੀ, ''*ਮੇਰੇ ਪਿਤਾ ਨੇ ਮੈਨੂੰ ਸਭ ਕੁਝ ਸੌਂਪ ਦਿੱਤਾ ਹੈ ਅਤੇ ਕੋਈ ਪੁੱਤਰ ਨੂੰ ਨਹੀਂ ਜਾਣਦਾ ਸਿਰਫ਼ ਪਿਤਾ; ਅਤੇ ਕੋਈ ਪਿਤਾ ਨੂੰ ਨਹੀਂ ਜਾਣਦਾ, ਸਿਰਫ਼ ਪੁੱਤਰ* ਅਤੇ ਉਹ ਜਿਨ੍ਹਾਂ ਉੱਤੇ ਪੁੱਤਰ ਉਸਨੂੰ ਪਰਗਟ ਕਰਨਾ ਚਾਹੇ'' (ਮੱਤੀ 11:27)। ਇਹ ਵਿਸ਼ਵਵਿਆਪਕਤਾ (''ਸਭ ਕੁਝ'')

ਨਵੇਕਲਾਪਨ (''ਸਿਰਫ਼ ਪਿਤਾ ... ਸਿਰਫ਼ ਪੁੱਤਰ'') ਦੀ ਤਸਦੀਕ ਹੈ। ਪਿਤਾ/ਪੁੱਤਰ ਦੇ ਇਸ ਸਬੰਧ ਦਾ ਗਹਿਰਾ ਅਰਥ ਖ਼ੁਦਾਈ ਸਬੰਧ ਨੂੰ ਸ਼ਾਮਿਲ ਕੀਤੇ ਬਗ਼ੈਰ ਕੁਝ ਨਹੀਂ ਹੈ। ਪੁੱਤਰ ਨਾਲ ਪਿਤਾ ਦਾ ਇਹ ਸਬੰਧ ਪੁੱਤਰ ਨੂੰ ਆਪਣੀ ਮਰਜ਼ੀ ਨਾਲ ਦੂਜਿਆਂ 'ਤੇ ਜ਼ਾਹਿਰ ਕਰਨ ਦੇ ਯੋਗ ਬਣਾਉਂਦਾ ਹੈ।[2]

ਇਹ ''ਖ਼ੁਦਾਈ ਪਹਿਲ'' ਯਿਸੂ ਵੱਲੋਂ ਚੇਲਿਆਂ ਤੇ ਕੀਤੀਆਂ ਗਈਆਂ ਕੁਝ ਟਿੱਪਣੀਆਂ ਦੀ ਬੁਨਿਆਦ ਹੈ। ਮਿਸਾਲ ਲਈ, ਸ਼ੱਕੀ ਥੋਮਾ ਨੂੰ ਦੱਸਿਆ ਗਿਆ ਕਿ ਉਹੀ ਪਿਤਾ ਕੋਲ ਜਾਣ ਦਾ ਇੱਕੋ-ਇਕ ਰਾਹ ਹੈ। ਇਸ 'ਤੇ ਫ਼ਿਲਿੱਪੁਸ ਨੇ ਕਿਹਾ ਕਿ ਉਹ ਉਨ੍ਹਾਂ ਨੂੰ ਪਿਤਾ ਨੂੰ ਵੇਖਣ ਦੀ ਇਜਾਜ਼ਤ ਦੇਵੇ। ਯਿਸੂ ਦਾ ਜਵਾਬ ਆਪਣੀ ਪਛਾਣ ਦੀ ਸ਼ਾਨਦਾਰ ਮਿਸਾਲ ਹੈ:

> *ਜਿਨ ਮੈਨੂੰ ਵੇਖਿਆ ਉਹਨੇ ਪਿਤਾ ਨੂੰ ਵੇਖਿਆ ਹੈ। ਤੂੰ ਕਿਹਨੂੰ ਆਖਦਾ ਹੈ ਕਿ ਸਾਨੂੰ ਪਿਤਾ ਦੇ ਦਰਸ਼ਨ ਕਰਾ? ਕੀ ਤੂੰ ਸੱਚ ਨਹੀਂ ਮੰਨਦਾ ਕਿ ਮੈਂ ਪਿਤਾ ਵਿਚ ਅਤੇ ਪਿਤਾ ਮੇਰੇ ਵਿਚ ਹੈ* ਇਹ ਗੱਲਾਂ ਜਿਹੜੀਆਂ ਮੈਂ ਤੁਹਾਨੂੰ ਆਖਦਾ ਹਾਂ ਆਪ ਤੋਂ ਨਹੀਂ ਆਖਦਾ, ਪਰ ਪਿਤਾ ਮੇਰੇ ਵਿਚ ਰਹਿੰਦਿਆਂ ਆਪਣੇ ਕੰਮ ਕਰਦਾ ਹੈ। ਮੇਰੀ ਪ੍ਰਤੀਤ ਕਰੋ ਕਿ ਮੈਂ ਪਿਤਾ ਵਿਚ ਅਤੇ ਪਿਤਾ ਮੇਰੇ ਵਿਚ ਹੈ ... (ਯੂਹੰਨਾ 14:9ਅ-11ੳ)।

ਉਹਨੂੰ ਪਤਾ ਸੀ ਕਿ ਉਹ ਪਿਤਾ ਨਹੀਂ ਹੈ ਭਾਵ ਉਹ ਜਾਣਦਾ ਸੀ ਕਿ ਉਹ ਪਿਤਾ ਦਾ ਪੁੱਤਰ ਸੀ। ਦੋਹਾਂ ਦਾ ਐਨਾ ਗੂੜ੍ਹਾ ਸਬੰਧ ਹੈ ਕਿ ਇਕ ਨੂੰ ਵੇਖਣ ਲਈ ਦੂਜੇ ਨੂੰ ਵੇਖਣਾ ਜ਼ਰੂਰੀ ਹੈ ਅਤੇ ਇਕ ਨੂੰ ਸੁਣਨ ਲਈ ਦੂਜੇ ਦੀ ਸੁਣਨੀ ਜ਼ਰੂਰੀ ਹੈ।

ਇਕ ਹੋਰ ਮੌਕੇ ਤੇ ਯਿਸੂ ਇਹ ਕਹਿੰਦਾ ਹੋਇਆ ਅੱਗੇ ਨਿਕਲ ਗਿਆ ਕਿ ਜੋ ਕੁਝ ਪੁੱਤਰ ਕਰਦਾ ਹੈ ਉਹੀ ਪਿਤਾ ਵੀ ਕਰਦਾ ਹੈ ਕਿਉਂਕਿ ਉਹ ਆਪਸ ਵਿਚ ਇਕ ਦੂਜੇ ਨੂੰ ਜਾਣਦੇ ਹਨ। ਪਿਤਾ ਵੱਲੋਂ ਜ਼ਿੰਦਗੀ ਅਤੇ ਨਿਆਂ ਦਾ ਕੰਮ ਪੁੱਤਰ ਨੂੰ ਦਿੱਤਾ ਗਿਆ ਹੈ; ਇਸ ਲਈ ਪਿਤਾ ਅਤੇ ਪੁੱਤਰ ਦੋਹਾਂ ਦੀ ਵਡਿਆਈ ਹੋਣੀ ਜ਼ਰੂਰੀ ਹੈ:

> ਉਪਰੰਤ ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਪੁੱਤਰ ਆਪ ਤੋਂ ਕੁਝ ਨਹੀਂ ਕਰ ਸਕਦਾ ਪਰ ਜੋ ਕੁਝ ਉਹ ਪਿਤਾ ਨੂੰ ਕਰਦਿਆਂ ਵੇਖਦਾ ਹੈ ਕਿਉਂਕਿ ਜੋ ਕੰਮ ਉਹ ਕਰਦਾ ਹੈ ਸੋ ਪੁੱਤਰ ਵੀ ਓਵੇਂ ਹੀ ਕਰਦਾ ਹੈ। ਪਿਤਾ ਤਾਂ ਪੁੱਤਰ ਨਾਲ ਤੇਹ ਕਰਦਾ ਹੈ ਅਤੇ ਜੋ ਕੰਮ ਉਹ ਆਖ ਕਰਦਾ ਹੈ ਸੋ ਸਭ ਉਸ ਨੂੰ ਵਿਖਾਲਦਾ ਹੈ ਅਤੇ ਉਹ ਇਨ੍ਹਾਂ ਨਾਲੋਂ ਵੱਡੇ ਕੰਮ ਉਸ ਨੂੰ ਵਿਖਾਏਗਾ ਕਿ ਤੁਸੀਂ ਅਚਰਜ ਹੋਵੋ। ਕਿਉਂਕਿ ਜਿਸ ਪ੍ਰਕਾਰ ਪਿਤਾ ਮੁਰਦਿਆਂ ਨੂੰ ਉਠਾਲਦਾ ਅਤੇ ਜਿਵਾਲਦਾ ਹੈ ਓਸੇ ਪ੍ਰਕਾਰ ਪੁੱਤਰ ਵੀ ਜਿਨ੍ਹਾਂ ਨੂੰ ਚਾਹੀਦਾ ਹੈ ਜਿਵਾਲਦਾ ਹੈ। ... (ਯੂਹੰਨਾ 5:19-23)।

ਆਪਣੇ ਪਿਤਾ ਨਾਲ ਯਿਸੂ ਦੀ ਜਾਗਰੂਕਤਾ ਦੇ ਅਧਾਰ ਤੇ ਸੀ ਕਿ ਉਹ ਆਪਣੇ ਪਿਤਾ ਦੀ ਤਰ੍ਹਾਂ ਹੀ ਖ਼ੁਦਾ ਸੀ (ਅਤੇ ਹੈ)।

## ਖ਼ੁਦਾਈ ਗਿਆਨ ਬਾਰੇ ਉਹਦੀ ਜਾਗਰੂਕਤਾ

ਵਿਚਾਰ ਕਰਨ ਦਾ ਇਕ ਹੋਰ ਖੇਤਰ ਯਿਸੂ ਦਾ ਗਿਆਨ ਮਨੁੱਖੀ ਯੋਗਤਾ ਤੋਂ ਪਰ੍ਹੇ ਹੋਣਾ ਹੈ। ਇਹ ਇੰਜੀਲ ਦੇ ਵਿਰਤਾਂਤ ਵਿਚ ਐਨੀ ਵਾਰ ਆਉਂਦਾ ਹੈ ਕਿ ਇਹਦੇ ਵਾਰ-ਵਾਰ ਆਉਣ

ਕਰਕੇ ਇਹਨੂੰ ਵਾਰ-ਵਾਰ ਅਣਗੌਲਿਆ ਕਰ ਦਿੱਤਾ ਜਾਂਦਾ ਹੈ।

ਅਸੀਂ ਮਰਕੁਸ ਵੱਲੋਂ ਲਿਖੇ ਇੰਜੀਲ ਦੇ ਵਿਰਤਾਂਤ ਵਿੱਚੋਂ ਲਈਆਂ ਗਈਆਂ ਕਈ ਮਿਸਾਲਾਂ ਉੱਤੇ ਧਿਆਨ ਦਿਆਂਗੇ। (1) ਜਦ ਯਿਸੂ ਨੇ ਚਾਰ ਬੰਦਿਆਂ ਰਾਹੀਂ ਲਿਆਂਦੇ ਗਏ ਲਕਵੇ ਦੇ ਮਾਰੇ ਨੂੰ ਚੰਗਾ ਕੀਤਾ ਤਾਂ ਮਰਕੁਸ 2:8 ਕਹਿੰਦਾ ਹੈ ਉਹ ਇਹ ਸਭ ਵੇਖ ਰਹੇ ਸ਼ਰ੍ਹਾ ਦੇ ਕੁਝ ਸਿਖਾਉਣ ਵਾਲਿਆਂ ਦੇ ਬੋਲਣ ਤੋਂ ਪਹਿਲਾਂ ਉਨ੍ਹਾਂ ਦੇ ਵਿਚਾਰਾਂ ਨੂੰ ਜਾਣਦਾ ਸੀ। (2) ਯਿਸੂ ਆਪਣੇ ਚੇਲਿਆਂ ਨੂੰ ਇਹ ਦੱਸਣ ਲੱਗਾ ਕਿ ਬਜ਼ੁਰਗਾਂ, ਪ੍ਰਧਾਨਯਾਜਕਾਂ ਅਤੇ ਸ਼ਰ੍ਹਾ ਸਿਖਾਉਣ ਵਾਲਿਆਂ ਵੱਲੋਂ ਉਹਨੂੰ ਠੁਕਰਾ ਦਿੱਤਾ ਜਾਵੇਗਾ। *ਉਹਨੂੰ ਮਾਰ ਦਿੱਤਾ ਜਾਵੇਗਾ ਪਰ ਤਿੰਨਾਂ ਦਿਨਾਂ ਬਾਅਦ ਮੁਰਦਿਆਂ ਵਿੱਚੋਂ ਜੀ ਫੇਰ ਜੀ ਉੱਠੇਗਾ।* (ਮਰਕੁਸ 8:31; 9:9, 31; 10:33, 34)। (3) ਉਹਨੇ ਨਵੂਬਤ ਕੀਤੀ ਸੀ ਕਿ ਉਸ ਸਮੇਂ ਦੇ ਲੋਕਾਂ ਵਿੱਚੋ ਕੁਝ ਲੋਕ ਖ਼ੁਦਾ ਦੇ ਰਾਜ ਨੂੰ ਸ਼ਕਤੀ ਨਾਲ ਆਉਂਦਿਆਂ ਵੇਖਣ ਲਈ ਜ਼ਿੰਦਾ ਰਹਿਣਗੇ (9:1)। (4) ਉਹਨੇ ਆਪਣੇ ਕੁਝ ਰਸੂਲਾਂ ਦੇ ਸਤਾਏ ਜਾਣ ਅਤੇ ਅਤੇ ਉਨ੍ਹਾਂ ਦੀ ਮੌਤ ਬਾਰੇ ਦੱਸਿਆ ਸੀ (10:39)। (5) ਉਹਨੂੰ ਸਮੇਂ ਤੋਂ ਪਹਿਲਾਂ ਵੀ ਪਤਾ ਸੀ ਕਿ ਉਸਦੀ ਸੇਵਕਾਈ ਨੂੰ ਕਿਹੜੀ ਗੱਲ ਪ੍ਰਭਾਵਿਤ ਕਰੇਗੀ (11:2-6)। (6) ਜਦ ਯਿਸੂ ਤੋਂ ਪੁੱਛ-ਗਿੱਛ ਕੀਤੀ ਗਈ ਤਾਂ ਉਹਦਾ ਜਵਾਬ ਆਮ ਤੌਰ ਤੇ ਸਵਾਲ ਪੁੱਛਣ ਵਾਲਿਆਂ ਦੇ ਖਿਆਲਾਂ ਅਤੇ ਵਿਹਾਰਾਂ ਬਾਰੇ ਆਪਣੇ ਗਿਆਨ 'ਤੇ ਅਧਾਰਿਤ ਸੀ (12:13-17)। (7) ਯਿਸੂ ਨੇ ਹੈਕਲ ਦੀ ਹੋਣ ਵਾਲੀ ਬਰਬਾਦੀ ਅਤੇ ਉਹਦੇ ਬਾਅਦ ਦੀ ਬਿਪਤਾ ਬਾਰੇ ਸਾਫ਼ ਦੱਸ ਦਿੱਤਾ ਸੀ (13:1-23)। (8) ਉਹਨੂੰ ਪਤਾ ਸੀ ਕਿ ਯਹੂਦਾ ਉਸਨੂੰ ਫੜਵਾਏਗਾ, ਪਤਰਸ ਤਿੰਨ ਵਾਰੀ ਉਹਦਾ ਇਨਕਾਰ ਕਰੇਗਾ ਅਤੇ *ਸਭ* ਚੇਲੇ ਛੱਡ ਕੇ ਭੱਜ ਜਾਣਗੇ (ਮਰਕੁਸ 14:17-21, 27, 30)।

ਕੋਈ ਆਖ ਸਕਦਾ ਹੈ ਕਿ ਮਨੁੱਖੀ ਯੋਗਤਾ ਤੋਂ ਪਰ੍ਹੇ ਜੋ ਗਿਆਨ ਯਿਸੂ ਦੇ ਕੋਲ ਸੀ ਉਹ ਨਬੂਵਤ ਕਰਨ ਵਾਲੇ ਨਬੀਆਂ ਤੋਂ ਕੁਝ ਵੱਧ ਨਹੀਂ ਸੀ। ਯਿਸੂ ਦਾ ਅਲੌਕਿਕ ਗਿਆਨ, ਉਹਦੀ ਸਰਬਵਿਆਪਕਤਾ, ਨਬੂਵਤ ਦੇ ਦਾਨ ਦਾ ਨਹੀਂ ਬਲਕਿ ਖ਼ੁਦਾ ਹੋਣ ਕਰਕੇ ਸੀ: ''ਜੋ ਪਿਤਾ ਦਾ ਹੈ, ਉਹ ਸਭ ਕੁਝ ਮੇਰਾ ਹੈ, ਇਸ ਲਈ ਮੈਂ ਕਿਹਾ ਕਿ ਮੇਰੀਆਂ ਗੱਲਾਂ ਵਿੱਚੋਂ ਲੈਕੇ ਤੁਹਾਨੂੰ ਦੱਸੇਗਾ'' (ਯੂਹੰਨਾ 16:15; 16:30; 17:10; 21:17 ਆਦਿ ਵੀ ਵੇਖੋ)।

ਹੁਣ ਅਸੀਂ ਇਹ ਧਿਆਨ ਦੇਣ ਲਈ ਤਿਆਰ ਹਾਂ ਕਿ ਯਿਸੂ ਆਪਣੇ ਵਿਚ ਪੂਰੀ ਤਰ੍ਹਾਂ ਜਾਣਦਾ ਸੀ ਕਿ ਅਸੀਂ ਪਹਿਲੇ ਵੇਖ ਚੁੱਕੇ ਹਾਂ ਕਿ ਯਿਸੂ ਖ਼ੁਦਾ ਬੇਟੇ ਦੇ ਰੂਪ ਵਿਚ ਅਤੇ ਚੁਣੇ ਹੋਏ (ਮਸੀਹਾ) ਦੇ ਰੂਪ ਵਿਚ ਆਪਣੇ ਆਪ ਨੂੰ ਜਾਣਦਾ ਸੀ (ਮਰਕੁਸ 8:30; ਮੱਤੀ 16:20)। ਇਸ ਤੋਂ ਬਾਅਦ ਅਸੀਂ ਵੇਖਾਂਗੇ ਕਿ ਕਿਵੇਂ ਉਹ ਸੁਚੇਤ ''ਸਮਾਂ ਸਾਰਣੀ'' ਦੇ ਅਨੁਸਾਰ ਆਪਣੀ ਪਛਾਣ ਜ਼ਾਹਿਰ ਕਰਦਾ ਰਿਹਾ।

---

ਟਿੱਪਣੀਆਂ

[1]ਮਿਲਟਨ ਸਟੇਅਨਬਰਗ *ਬੇਸਿਕ ਜੁਡਾਇਜ਼ਮ* (ਨਿਊ ਯਾਰਕ: ਹਾਰਕੋਰਟ, ਬ੍ਰੇਸ ਐਂਡ ਵਰਲਡ, 1947), 133. *ਬਾਰ ਮਿਤਜ਼ਵਾ* ਤੇਰਾਂ ਸਾਲ ਦੀ ਉਮਰ ਵਿਚ ਬਾਲਗਪਨ ਵਿਚ ਯਹੂਦੀ ਨਰ ਬਾਲਕ ਦੇ ਆਉਣ ਨੂੰ ਕਿਹਾ ਜਾਂਦਾ ਹੈ। ''ਆਗਿਆਵਾਂ ਦਾ ਪੁੱਤਰ'' ਅਰਥ ਵਾਲਾ ਇਹ ਸ਼ਬਦ ''ਕਿਸੇ ਜਵਾਨ ਪੁਰਖ ਜਾਂ ਰਵਾਇਤ ਦੇ ਮਨਾਉਣ ਲਈ ਵਰਤਿਆ ਜਾ ਸਕਦਾ ਹੈ। [2]ਤੁਲਨਾ ਜੀ .ਈ. ਲੈਡ *ਏ ਥਿਓਲੋਜੀ ਆਫ਼ ਦ ਨਿਊ ਟੈਸਟਾਮੈਂਟ* (ਗ੍ਰੈਂਡ

ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1974), 166-67. ਲੈਡ 11:27 ਦੇ ਸਬੰਧ ਵਿਚ ਲੈਡ ਨੇ ਕਿਹਾ, ''*ਯਿਸੂ ਪਿਤਾ ਨੂੰ ਓਸੇ ਤਰ੍ਹਾਂ ਜਾਣਦਾ ਹੈ ਜਿਵੇਂ ਪਿਤਾ ਪੁੱਤਰ ਪਿਤਾ ਨੂੰ ਜਾਣਦਾ ਹੈ। ...* ਇਸ ਕਰਕੇ ਇਹ ਖ਼ੁਦਾਈ ਗਿਆਨ ਦੇ ਅਧਾਰ 'ਤੇ ਹੈ।''

## ਭਲਾ ਹੋਰਨਾਂ ਨੇ ਯਿਸੂ ਨੂੰ ਖ਼ੁਦਾ ਦੇ ਰੂਪ 'ਚ ਵੇਖਿਆ

ਯਿਸੂ ਨੂੰ ਪਤਾ ਸੀ ਕਿ ਉਹ ਕੌਣ ਹੈ। ਰਸੂਲਾਂ ਨੇ ਯਿਸੂ ਅਤੇ ਹੋਰਨਾਂ ਤੋਂ ਇਹ ਸੁਣਿਆ ਸੀ। ਅਸੀਂ ਮੰਨਦੇ ਹਾਂ ਕਿ ਯਿਸੂ ਖ਼ੁਦਾ ਹੈ। ਪਰ ਅਸੀਂ ਖੁਸ਼ਕਿਸਮਤ ਹਾਂ, ਕਿਉਂਕਿ ਅਸੀਂ ਤਾਂ ਯਿਸੂ ਦੀ ਕਹਾਣੀ ਪੂਰੀ ਤਰ੍ਹਾਂ ਸੁਣੀ ਹੈ। ਸਾਨੂੰ ਬਾਈਬਲ ਦਾ ਪੂਰਾ ਮੁਕਾਸ਼ਫ਼ਾ ਮਿਲਿਆ ਹੈ। ਅਸੀਂ ਬਾਈਬਲ ਦੇ ਸ਼ਾਨਦਾਰ ਸਮਾਪਨ ਤੋਂ ਜਾਣੂ ਹਾਂ ਅਤੇ ਇਹਦਾ ਅੰਦਾਜ਼ਾ ਲਾ ਸਕਦੇ ਹਾਂ।

ਭਲਾ ਤੁਸੀਂ ਕਦੇ ਕਿਸੇ ਕਿਤਾਬ ਨੂੰ ਪੜ੍ਹ ਕੇ ਐਨੇ ਉਤੇਜਤ ਹੋਏ ਹੋ ਕਿ ਇਹ ਵੇਖਣ ਲਈ ਕਿ ਕਹਾਣੀ ਦਾ ਅੰਤ ਕੀ ਹੋਇਆ ਹੈ ਤੁਸੀਂ ਆਪਣੇ ਆਪ ਨੂੰ ਅਖ਼ੀਰ ਤਕ ਪੜ੍ਹਨੋਂ ਰੋਕ ਨਾ ਸਕੇ ਹੋਵੋ? ਸ਼ਾਨਦਾਰ ਅੰਤ ਦਾ ਪਤਾ ਹੋਣ ਕਰਕੇ ਤੁਸੀਂ ਵੇਰਵਿਆਂ ਅਤੇ ਸਬੰਧਾਂ ਵਿਚ ਲੁਕੇ ਹੋਏ ਅਰਥਾਂ ਦੀ ਕਲਪਨਾ ਕਰਨ ਲਗਦੇ ਹੋ। ਪਹਿਲਾਂ ਤੋਂ ਅੰਤ ਨੂੰ ਜਾਣਨ 'ਤੇ ਅਖ਼ੀਰ 'ਚ ਸਾਨੂੰ ਸਕੂਨ ਮਿਲੇਗਾ, ਪਰ ਹੋ ਸਕਦਾ ਹੈ ਕਿ ਧਿਆਨ ਨਾ ਰਹੇ ਕਿ ਕਿਤਾਬ ਦੇ ਪਾਤਰ ਨੂੰ ਅੰਤ ਬਾਰੇ ਵਿਚ ਜਾਣਕਾਰੀ ਨਹੀਂ ਸੀ। ਅਸੀਂ ਹੈਰਾਨ ਹੁੰਦੇ ਹਾਂ ਕਿ ਲੋਕ ਕੁਝ ਖ਼ਾਸ ਗੱਲਾ ਕਿਉਂ ਕਰਦੇ ਜਾਂ ਕਹਿੰਦੇ ਹਨ ਕਿ ਯਕੀਨਨ ਹੀ ਉਨ੍ਹਾਂ ਨੂੰ ਬਹੁਤਾ ਪਤਾ ਹੋਣਾ ਚਾਹੀਦਾ ਹੈ। ਨਹੀਂ। ਉਨ੍ਹਾਂ ਨੂੰ ਪਤਾ ਨਹੀਂ ਹੈ ਕਿ ਅਖ਼ੀਰ 'ਚ ਕੀ ਹੋਵੇਗਾ।

ਪਵਿੱਤਰ ਲਿਖਤ ਨੂੰ ਪੜ੍ਹਦਿਆਂ ਪਾਠ ਦੇ ਤੌਰ 'ਤੇ ਬਹੁਤ ਜ਼ਿਆਦਾ ਮੰਨ ਲੈਣਾ ਅਸਾਨ ਹੈ। ਉਨ੍ਹਾਂ ਲੋਕਾਂ ਦੇ ਕੰਮਾਂ ਜਾਂ ਗੱਲਾਂ 'ਤੇ ਜਿਨ੍ਹਾਂ 'ਤੇ ਅਸਲ 'ਚ ਉਹ ਸਭ ਵਾਪਰਿਆ, ਲਿਖ ਰਹੇ ਸਨ, ਪੂਰੀ ਕਹਾਣੀ ਲੈ ਕੇ, ਅਸੀਂ ਆਪਣੇ ਮਨ ਦੀ ਸੋਚ ਦੱਸਣ ਲਗਦੇ ਹਾਂ।

ਨਾ ਤਾਂ ਯਿਸੂ ਦੇ ਪੈਰੋਕਾਰ ਅਤੇ ਨਾ ਹੀ ਉਹਦੇ ਵਿਰੋਧੀ ਇਮਾਨੁਏਲ ਅਰਥਾਤ ''ਖ਼ੁਦਾ ਸਾਡੇ ਨਾਲ'' ਦੇ ਸਬੂਤ ਲਈ ਉਸਦੀ ਜ਼ਿੰਦਗੀ ਦੀਆਂ ਘਟਨਾਵਾਂ ਨੂੰ ਵੇਖਣ ਲਈ ਤਿਆਰ ਸਨ। ਪਾਠਕ ਦੇ ਤੌਰ 'ਤੇ ਸਾਨੂੰ ਯਿਸੂ ਬਾਰੇ ਪੂਰੇ ਸੱਚ ਦਾ ਕਿਆਫ਼ਾ ਨਾ ਲਾਉਣ ਵਿਚ ਹੁਸ਼ਿਆਰੀ ਵਰਤਣੀ ਚਾਹੀਦੀ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਉਸਨੂੰ ਆਪਣੇ ਆਪ ਖੁੱਲ੍ਹਣ ਦਈਏ। ਜਾਣ ਬੁੱਝ ਕੇ ਸਾਨੂੰ ਇਸ ਨਿਯਮ ਨੂੰ ਅਣਡਿੱਠ ਨਹੀਂ ਕਰਨਾ ਚਾਹੀਦਾ। ਯਿਸੂ ਦੀ ਸੱਚਾਈ ਕੋਲ ਆਉਣ ਦਾ ਲਾਭ ਦੱਸਿਆ ਹੈ ਨਾ ਕਿ ਸਮੇਂ ਤੋਂ ਪਹਿਲਾਂ ਉਸਦਾ ਕਿਆਫ਼ਾ (ਯੂਹੰਨਾ 8:32)।

''ਯਹੂਦੀਆਂ ਦਾ ਰਾਜਾ,'' ''ਮਸੀਹ,'' ''ਅਤੇ ਖ਼ੁਦਾ ਦਾ ਪੁੱਤਰ'' ਵਰਗੇ ਸ਼ਬਦਾਂ ਦੀ ਵਰਤੋਂ ਕਈ ਵਾਰ ਆਤਮਾ ਦੀ ਪ੍ਰੇਰਣਾ ਰਹਿਤ ਲੋਕਾਂ ਵੱਲੋਂ ਯਿਸੂ ਦਾ ਬਿਆਨ ਕਰਨ ਲਈ ਕੀਤੀ ਗਈ ਹੋ ਸਕਦੀ ਹੈ, ਪਰ ਜ਼ਰੂਰੀ ਨਹੀਂ ਹੈ ਕਿ ਉਨ੍ਹਾਂ ਦੇ ਕਹਿਣ ਤੋਂ ਭਾਵ ਯਿਸੂ ਨੂੰ ਖ਼ੁਦਾ ਮੰਨਣਾ ਹੋਵੇ। ਇਸਰਾਏਲੀਆਂ ਦੇ ਹੋ ਚੁੱਕੇ ਰਾਜਿਆਂ, ਮਸਹ ਕੀਤੇ ਹੋਇਆਂ (ਮਸੀਹਾ) ਅਤੇ ਸਮਾਜਿਕ ਰੂਪ ਵਿਚ ਇਸਰਾਏਲ ਨੂੰ ਵੀ ਖ਼ੁਦਾ ਦੇ ਚੁਣੇ ਹੋਇਆਂ ਦੇ ਰੂਪ ਵਿਚ ''ਖ਼ੁਦਾ ਦੇ ਪੁੱਤਰ'' ਕਿਹਾ ਜਾਂਦਾ ਸੀ।

ਕਿਸੇ ਭਰੋਸੇਯੋਗ, ਅਤੇ ਪੱਕੇ ਸਬੂਤ ਲਈ ਅਸੀਂ ਕਿੱਥੇ ਜਾਈਏ ਕਿ ਯਿਸੂ ਖ਼ੁਦਾ ਦਾ ਪੁੱਤਰ ਹੀ ਨਹੀਂ ਬਲਕਿ ਪਰਮੇਸ਼ੁਰ ਪੁੱਤਰ ਵੀ ਸੀ? ਅਸੀਂ ਨਵੇ ਨੇਮ ਦੇ ਦੂਜੇ ਲੇਖਾਂ ਵਿਚ ਜਾ ਸਕਦੇ

ਹਾਂ; ਪਰ ਲੋੜ ਸਾਨੂੰ ਸਿਰਫ਼ ਇੰਜੀਲ ਦੀਆਂ ਚਾਰਾਂ ਕਿਤਾਬਾਂ ਦੀ ਹੈ। ਯਿਸੂ ਦੀ ਨਿੱਜੀ ਜ਼ਿੰਦਗੀ ਅਤੇ ਸਿੱਖਿਆ ਤੋਂ ਪਤਾ ਲਗਦਾ ਹੈ ਉਹ ਸਚਮੁਚ ਖ਼ੁਦਾ ਸੀ। ਇੰਜੀਲ ਦੇ ਵਿਰਤਾਂਤਾਂ ਵਿਚ ਅਸੀਂ ਉਨ੍ਹਾਂ ਸਬੂਤਾਂ ਨੂੰ ਵੇਖ ਸਕਦੇ ਹਾਂ ਜੋ ਯਿਸੂ ਦੇ ਸਮੇਂ ਦੇ ਲੋਕਾਂ ਨੂੰ ਨਜ਼ਰ ਨਹੀਂ ਆਏ ਸਨ। ਇਸ ਲਈਂ ਨਹੀਂ ਕਿ ਸਾਡੀ ਨਜ਼ਰ ਉਨ੍ਹਾਂ ਨਾਲੋਂ ਤੇਜ਼ ਹੈ ਬਲਕਿ ਇਸ ਲਈ ਕਿ ਸਾਨੂੰ ਪੂਰੇ ਨਵੇਂ ਨੇਮ ਤੋਂ ਬਾਅਦ ਮੁਕਾਸ਼ਫ਼ੇ ਵੱਲ ''ਅੱਗੇ ਨੂੰ ਵੇਖਣ'' ਦੀ ਬਰਕਤ ਮਿਲੀ ਹੈ।

## ''ਲੋਗੋਸ''

ਇਤਿਹਾਸ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਕਲਮ ਤਲਵਾਰ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੁੰਦੀ ਹੈ। ਸ਼ਬਦਾਂ ਨੇ ਰਾਜਿਆਂ 'ਤੇ ਹਕੂਮਤ ਕੀਤੀ, ਲੜਾਈ ਲਈ ਤਿਆਰ ਲੋਕਾਂ ਦੀ ਅਜ਼ਾਦੀ ਕਾਇਮ ਰੱਖੀ ਅਤੇ ਬੜੇ ਜ਼ੋਰਦਾਰ ਢੰਗ ਨਾਲ ਇਤਿਹਾਸ ਦਾ ਰੁਖ਼ ਬਦਲ ਦਿੱਤਾ।

''ਸ਼ਬਦ'' ਲਈ ਯੂਨਾਨੀਆਂ ਕੋਲ ਤਿੰਨ ਅੱਖਰ ਸਨ। ਇਕ ਦਾ ਅਰਥ ਸਵੇਰ ਦੀ ਅਵਾਜ਼ ਸੀ, ਦੂਜਾ ਮਨ ਦੀ ਹਾਲਤ ਦਰਸਾਉਣ ਵਾਲੀ ਅਵਾਜ਼ ਸੀ ਅਤੇ ਤੀਜਾ ਸਾਡੇ ਪਾਠ ਵਾਲਾ ਸ਼ਬਦ ਭਾਵ ਕਲਾਮ ਹੈ। ਯੂਨਾਨੀ ਸ਼ਬਦ ਨਵੇਂ ਨੇਮ ਦੇ ਮਹਾਨ ਸ਼ਬਦਾਂ ਵਿੱਚੋਂ ਇਕ ਹੈ। ਲੋਗੋਸ *ਆਖਦੇ* ਹਨ। *ਲੋਗੋਸ* ਇਜ਼ਹਾਰ ਅਤੇ ਬੁੱਧ ਦੇ ਵਿਚਾਰ ਨੂੰ ਮਿਲਾਉਂਦਾ ਹੈ। ਜਿਸ ਵਿਚ ਧਾਰਣਾ ਜਾਂ ਖ਼ਿਆਲ ਸ਼ਾਮਿਲ ਹੈ ਇਸ ਸ਼ਾਨਦਾਰ ਸ਼ਬਦ ਦਾ ਅਨੁਵਾਦ ਅਸਾਨੀ ਨਾਲ ਨਹੀਂ ਕੀਤਾ ਜਾ ਸਕਦਾ। ਇਕ ਅੰਗ੍ਰੇਜ਼ੀ ਅਨੁਵਾਦ ਵਿਚ ਵੀ ਮੌਫਟ ਨੇ ਇਸੇ ਤਰ੍ਹਾਂ ਰਹਿਣ ਦਿੱਤਾ ਹੈ ਅਤੇ ਯੂਹੰਨਾ 1:1 ਨੂੰ ਇਵੇਂ ਲਿਖਿਆ ਗਿਆ ਹੈ, ''ਆਦਿ ਵਿਚ ਲੋਗੋਸ ਸੀ, ਲੋਗੋਸ ਖ਼ੁਦਾ ਦੇ ਨਾਲ ਸੀ, ਲੋਗੋਸ ਖ਼ੁਦਾ ਸੀ।''

ਸ਼ਬਦ ਦੇ ਤੌਰ 'ਤੇ ਮਸੀਹ ਖ਼ੁਦਾ *ਅਵਾਜ਼* ਬਣਿਆ ਸੀ। ਖ਼ੁਦਾ ਨੇ ''ਪਿਛਲਿਆਂ ਸਮਿਆਂ ਵਿਚ ਨਬੀਆਂ ਦੇ ਰਾਹੀਂ ਸਾਡੇ ਵੱਡਿਆਂ ਨਾਲ ਕਈਆਂ ਹਿੱਸਿਆ ਵਿਚ ਅਤੇ ਕਈ ਤਰ੍ਹਾਂ ਨਾਲ ਗੱਲ ਕੀਤੀ ਸੀ। ਇਨ੍ਹਾਂ ਦਿਨਾਂ ਦੇ ਅੰਤ ਵਿਚ ਸਾਡੇ ਨਾਲ ਪੁੱਤਰ ਦੇ ਰਾਹੀਂ ਗੱਲ ਕੀਤੀ'' (ਇਬਰਾਨੀਆਂ 1:1, 2)। ਹੁਣ ਮਨੁੱਖੀ ਨਬੀ ਥੋੜ੍ਹਾ-ਥੋੜ੍ਹਾ ਖ਼ੁਦਾਈ ਸੰਦੇਸ਼ ਨਹੀਂ ਦੱਸਣਗੇ। ਮਸੀਹ ਦੇ ਰਾਹੀਂ, ਖ਼ੁਦਾ ਮਨੁੱਖ ਨਾਲ ਅਤੇ ਬੋਲਚਾਲ ਦੀ ਭਾਸ਼ਾ ਵਿਚ ਗੱਲ ਕਰਦਾ ਹੈ ਜਿਸ ਨੂੰ ਮਸੀਹ ਵਿਚ ਜ਼ਿੰਦਗੀ ਦੀ ਭਾਸ਼ਾ ਆਖਦੇ ਹਨ।

ਸ਼ਬਦ ਦੇ ਤੌਰ 'ਤੇ ਮਸੀਹ ਖ਼ੁਦਾ *ਪਰਗਟ ਹੋਇਆ* ਖ਼ੁਦਾ ਸੀ। ਖ਼ੁਦਾ ਦੇ ਕਲਾਮ ਦੇ ਤੌਰ 'ਤੇ ਮਸੀਹ ਖ਼ੁਦਾ ਦੇ ਦਿਲੋ-ਦਿਮਾਗ਼ ਦੀ ਤਸਵੀਰ ਹੈ। ਉਹ ਭੇਤ ਭਰਿਆ, ਸ਼ਕਤੀਮਾਨ, ਜਲਾਲੀ ਅਤੇ ਜਲਾਲ ਨਾਲ ਭਰੇ ਖ਼ੁਦਾ ਨੂੰ ਪਰਗਟ ਕਰਦਾ ਹੈ। ਉਹ ਇਨਸਾਨ ਲਈ ਅੰਤਰਯਾਮੀ ਖ਼ੁਦਾ ਨੂੰ ਧਰਤੀ 'ਤੇ ਹੇਠਾਂ ਲਿਆਉਂਦਾ ਹੈ।

*100 ਪੋਰਟ੍ਰੇਟਸ ਆਫ਼ ਕ੍ਰਾਈਸਟ*
ਹੈਨਰੀ ਗਰਾਇਪੀ